# ਨਕਸ਼ੇ ਦੀ ਸੰਖੇਪ ਜਾਣਕਾਰੀ

## *Washington Environmental Health Disparities (EHD) ਦਾ ਨਕਸ਼ਾ*




Environmental Health Disparities (EHD, ਵਾਤਾਵਰਣ ਸੰਬੰਧੀ ਸਿਹਤ ਅਸਮਾਨਤਾਵਾਂ) ਨਕਸ਼ਾ ਇੱਕ ਇੰਟਰਐਕਟਿਵ ਟੂਲ ਹੈ ਜੋ ਇਹ ਦਰਸਾਉਂਦਾ ਹੈ ਕਿ ਵਾਸ਼ਿੰਗਟਨ ਵਿੱਚ ਲੋਕਾਂ ਦੇ ਕਿੱਥੇ ਆਪਣੀ ਸਿਹਤ 'ਤੇ ਵਾਤਾਵਰਣ ਦੇ ਪ੍ਰਭਾਵਾਂ ਲਈ ਸਭ ਤੋਂ ਵੱਧ ਜੋਖਮ ਦੇ ਸੰਪਰਕ ਵਿੱਚ ਆਉਣ ਦੀ ਸੰਭਾਵਨਾ ਹੈ। ਸਿਹਤ ਅਸਮਾਨਤਾਵਾਂ ਕਿਸੇ ਇੱਕ ਕਾਰਨ ਤੋਂ ਪੈਦਾ ਨਹੀਂ ਹੁੰਦੀਆਂ ਹਨ। ਇਹ ਇਸ ਗੱਲ ਦੁਆਰਾ ਆਕਾਰ ਲੈਂਦੀਆਂ ਹਨ ਕਿ ਕਿਵੇਂ ਸਮਾਜਿਕ, ਵਾਤਾਵਰਣਕ ਅਤੇ ਜੈਵਿਕ ਕਾਰਕ ਨਸਲਵਾਦ ਅਤੇ ਬਸਤੀਵਾਦ ਸਮੇਤ ਜ਼ੁਲਮ ਦੀਆਂ ਪ੍ਰਣਾਲੀਆਂ ਨਾਲ ਆਪਸ ਵਿੱਚ ਜੁੜਦੇ ਹਨ। **ਇਹ ਕਾਰਕ ਆਪਸ ਵਿੱਚ ਮਿਲ ਕੇ ਕੁਝ ਭਾਈਚਾਰਿਆਂ ਵਿੱਚ ਵਧੇਰੇ ਪ੍ਰਭਾਵ ਪੈਦਾ ਕਰ ਸਕਦੇ ਹਨ।** EHD ਨਕਸ਼ਾ ਵਾਸ਼ਿੰਗਟਨ ਦੇ ਹਰੇਕ ਖੇਤਰ ਲਈ ਇੱਕ ਸਕੋਰ ਬਣਾਉਣ ਵਾਸਤੇ ਭਾਈਚਾਰਕ ਕਮਜ਼ੋਰੀਆਂ ਬਾਰੇ ਜਾਣਕਾਰੀ ਦੇ ਨਾਲ ਪ੍ਰਦੂਸ਼ਣ ਡੇਟਾ ਨੂੰ ਜੋੜਦਾ ਹੈ। ਹਰੇਕ ਖੇਤਰ ਨੂੰ ਦੂਜਿਆਂ ਦੇ ਮੁਕਾਬਲੇ ਜਾਂ ਉਹਨਾਂ ਦੀ ਤੁਲਨਾ ਵਿੱਚ ਦਰਜਾ ਦਿੱਤਾ ਜਾਂਦਾ ਹੈ। ਇਸ ਪਹੁੰਚ ਦੀ ਵਰਤੋਂ ਕਰਨ ਨਾਲ ਸਾਨੂੰ ਇਹ ਨਿਰਧਾਰਤ ਕਰਨ ਵਿੱਚ ਮਦਦ ਮਿਲ ਸਕਦੀ ਹੈ ਕਿ ਕਿੱਥੇ ਵਧੇਰੇ ਧਿਆਨ ਅਤੇ ਸਰੋਤਾਂ ਦੀ ਲੋੜ ਹੈ।

## ਦ੍ਰਿਸ਼ਟੀਕਰਨ ਰਾਹੀਂ ਸੂਝ

ਭਾਈਚਾਰੇ, ਸਰਕਾਰੀ ਏਜੰਸੀਆਂ, ਖੋਜਕਰਤਾ ਅਤੇ ਹੋਰ ਲੋਕ ਇਹ ਦੇਖਣ ਲਈ ਨਕਸ਼ੇ ਦੀ ਵਰਤੋਂ ਕਰਦੇ ਹਨ ਕਿ ਕਿੱਥੇ ਕਾਰਕ ਮਿਲ ਕੇ ਭਾਈਚਾਰਿਆਂ ਦੀ ਭਲਾਈ ਨੂੰ ਪ੍ਰਭਾਵਿਤ ਕਰਦੇ ਹਨ। EHD ਨਕਸ਼ੇ ਦਾ ਹਵਾਲਾ Healthy Environment for All Act (HEAL, ਸਾਰਿਆਂ ਲਈ ਸਿਹਤਮੰਦ ਵਾਤਾਵਰਣ ਐਕਟ) ਅਤੇ Climate Commitment Act (CCA, ਜਲਵਾਯੂ ਪ੍ਰਤੀਬੱਧਤਾ ਐਕਟ) ਵਿੱਚ ਇੱਕ ਅਜਿਹੇ ਸਰੋਤ ਵਜੋਂ ਦਿੱਤਾ ਗਿਆ ਹੈ ਜਿਸਦੀ ਵਰਤੋਂ "ਬਹੁਤ ਜ਼ਿਆਦਾ ਬੋਝ ਵਾਲੇ ਭਾਈਚਾਰਿਆਂ" ਦੀ ਪਛਾਣ ਕਰਨ ਅਤੇ ਪ੍ਰਸਤਾਵਿਤ ਪ੍ਰੋਜੈਕਟਾਂ ਜਾਂ ਕਾਰਵਾਈਆਂ ਦੇ ਪ੍ਰਭਾਵਾਂ 'ਤੇ ਵਿਚਾਰ ਕਰਨ ਲਈ ਡੇਟਾ-ਅਧਾਰਿਤ ਫੈਸਲੇ ਲੈਣ ਵਾਸਤੇ ਕੀਤੀ ਜਾ ਸਕਦੀ ਹੈ।

## ਖ਼ਤਰਾ x ਕਮਜ਼ੋਰੀ = ਜੋਖ਼ਮ

### ਖ਼ਤਰਾ

**ਵਾਤਾਵਰਣ ਸੰਬੰਧੀ ਖ਼ਤਰਿਆਂ ਦੇ ਸੰਪਰਕ ਵਿੱਚ ਆਉਣਾ**

- ਓਜ਼ੋਨ ਦਾ ਗਾੜ੍ਹਾਪਣ
- ਪਾਰਟੀਕੁਲੇਟ ਮੈਟਰ 2.5 (PM2.5) ਦਾ ਗਾੜ੍ਹਾਪਣ
- ਕੀਟਨਾਸ਼ਕ ਦੇ ਸੰਪਰਕ ਵਿੱਚ ਆਉਣਾ
- ਜ਼ਿਆਦਾ ਟ੍ਰੈਫਿਕ ਵਾਲੀਆਂ ਸੜਕਾਂ ਦਾ ਨੇੜੇ ਮੌਜੂਦ ਹੋਣਾ
- ਡੀਜ਼ਲ ਅਤੇ ਹਵਾ ਦੇ ਹੋਰ ਜ਼ਹਿਰੀਲੇ ਤੱਤਾਂ ਤੋਂ ਜੋਖ਼ਮ
- ਜੰਗਲੀ ਅੱਗ ਦੇ ਧੂੰਏਂ ਦੇ ਸੰਪਰਕ ਵਿੱਚ ਆਉਣਾ

**ਵਾਤਾਵਰਣ ਸੰਬੰਧੀ ਪ੍ਰਭਾਵ**

- ਰਿਹਾਇਸ਼ ਸਥਾਨ ਵਿਖੇ ਲੈੱਡ ਦਾ ਖ਼ਤਰਾ
- ਖ਼ਤਰਨਾਕ ਰਹਿੰਦ-ਖੂੰਹਦ ਵਾਲੀਆਂ ਸਾਈਟਾਂ ਦੇ ਨੇੜੇ ਹੋਣਾ
- ਖ਼ਤਰਾ ਪ੍ਰਬੰਧਨ ਯੋਜਨਾ ਵਾਲੀਆਂ ਥਾਵਾਂ ਦੇ ਨੇੜੇ ਹੋਣਾ
- ਸੁਪਰਫੰਡ ਸਾਈਟਾਂ ਦਾ ਨੇੜੇ ਮੌਜੂਦ ਹੋਣਾ
- ਗੰਦੇ ਪਾਣੀ ਦੀ ਨਿਕਾਸੀ
- ਪਾਣੀ ਦੀ ਗੁਣਵੱਤਾ

### ਕਮਜ਼ੋਰੀ

**ਸਮਾਜਿਕ-ਆਰਥਿਕ ਕਾਰਕ**

- ਭਾਈਚਾਰੇ ਲਈ ਰਿਟੇਲ ਭੋਜਨ ਦਾ ਮਾਹੌਲ
- ਡਿਜੀਟਲ ਬੁਨਿਆਦੀ ਢਾਂਚਾ
- ਕੋਈ ਹਾਈ ਸਕੂਲ ਡਿਪਲੋਮਾ ਨਹੀਂ
- ਗੈਰ-ਗੋਰੇ ਲੋਕ (ਨਸਲ/ਜਾਤੀ)
- ਗਰੀਬੀ ਵਿੱਚ ਰਹਿ ਰਹੀ ਆਬਾਦੀ (ਸੰਘੀ ਗਰੀਬੀ ਪੱਧਰ ਦਾ <= 185%)
- ਮੁੱਖ ਭਾਸ਼ਾ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਹੈ
- ਆਵਾਜਾਈ ਦਾ ਖਰਚਾ
- ਮਹਿੰਗੀ ਰਿਹਾਇਸ਼
- ਬੇਰੁਜ਼ਗਾਰੀ

**ਸੰਵੇਦਨਸ਼ੀਲ ਆਬਾਦੀ**

- ਹਵਾ ਦੀ ਗੁਣਵੱਤਾ ਨਾਲ ਸੰਬੰਧਿਤ ਸਾਹ ਦੀ ਬਿਮਾਰੀ
- ਦਿਲ ਦੀ ਬਿਮਾਰੀ ਕਾਰਨ ਮੌਤ
- ਜਨਮ ਵੇਲੇ ਘੱਟ ਭਾਰ
- ਅਪਾਹਜ ਲੋਕ

### ਜੋਖ਼ਮ

**ਵਾਤਾਵਰਣ ਸੰਬੰਧੀ ਸਿਹਤ ਅਸਮਾਨਤਾਵਾਂ**

ਉਹ ਭਾਈਚਾਰੇ ਜੋ ਨਿਰਪੱਖ ਬਹਿਤਰੀ ਦੇ ਲਈ ਜ਼ਿਆਦਾਵਾਤਾਵਰਣ ਸੰਬੰਧੀ ਸਹਿਤ ਦੇ ਬੋਝ ਦਾ ਅਸੰਤੁਲਿਤ ਹਿੱਸਾ ਝੱਲ ਰਹੇ ਹਨ, ਜਿਨ੍ਹਾਂ ਨੂੰ ਬਰਾਬਰ ਨਤੀਜਿਆਂ ਤੱਕ ਪਹੁੰਚਣ ਲਈ ਵਧੇਰੇ ਸਹਾਇਤਾ ਦੀ ਲੋੜ ਹੋਵੇਗੀ

12161 - 02/25/26

**ਪ੍ਰਦੂਸ਼ਣ, ਰਹਿਣ-ਸਹਿਣ ਦਾ ਖਰਚਾ ਅਤੇ ਹੋਰ ਸਮਾਜਿਕ ਸਥਿਤੀਆਂ ਆਪਣੇ ਆਪ ਪੈਦਾ ਨਹੀਂ ਹੁੰਦੀਆਂ ਹਨ। ਇਹ ਨਸਲਵਾਦ, ਬਸਤੀਵਾਦ ਅਤੇ ਹੋਰ ਬੇਇਨਸਾਫ਼ੀਆਂ ਦੇ ਲਗਾਤਾਰ ਪ੍ਰਭਾਵਾਂ ਨਾਲ ਮਿਲ ਕੇ ਭਾਈਚਾਰੇ ਦੀ ਸਿਹਤ ਨੂੰ ਪ੍ਰਭਾਵਿਤ ਕਰਦੀਆਂ ਹਨ।**

EHD ਨਕਸ਼ਾ ਫੈਸਲੇ ਲੈਣ ਲਈ ਇੱਕ ਸ਼ੁਰੂਆਤੀ ਬਿੰਦੂ ਹੈ। ਨੀਤੀਆਂ, ਬਜਟ, ਲਾਗੂ ਕਰਨ ਦੀਆਂ ਰਣਨੀਤੀਆਂ, ਅਤੇ ਵਕਾਲਤ ਦੇ ਯਤਨਾਂ ਨੂੰ ਆਕਾਰ ਦਿੰਦੇ ਸਮੇਂ ਇਸਦੀ ਵਰਤੋਂ ਕਬਾਇਲੀ ਗਿਆਨ, ਭਾਈਚਾਰਕ ਅਨੁਭਵ, ਹੋਰ ਡੇਟਾ ਸਰੋਤਾਂ, ਅਤੇ ਸਾਰਥਕ ਸ਼ਮੂਲੀਅਤ ਦੇ ਨਾਲ ਕੀਤੀ ਜਾਣੀ ਚਾਹੀਦੀ ਹੈ। ਅਸੀਂ ਮੰਨਦੇ ਹਾਂ ਕਿ HEAL Act ਵਿੱਚ ਪਰਿਭਾਸ਼ਿਤ ਕੀਤੀ ਗਈ 'ਬਹੁਤ ਜ਼ਿਆਦਾ ਬੋਝ ਵਾਲੇ ਭਾਈਚਾਰੇ' ਸ਼ਬਦਾਵਲੀ ਸ਼ਾਇਦ ਉਹ ਨਾ ਹੋਵੇ ਜਿਵੇਂ ਭਾਈਚਾਰੇ ਆਪਣੇ ਆਪ ਦਾ ਵਰਣਨ ਕਰਦੇ ਹਨ ਜਾਂ ਪਛਾਣ ਕਰਦੇ ਹਨ। ਕੁਝ ਭਾਈਚਾਰੇ ਵੱਖੋ-ਵੱਖਰੇ ਸ਼ਬਦਾਂ ਨੂੰ ਤਰਜੀਹ ਦਿੰਦੇ ਹਨ, ਜਿਵੇਂ ਕਿ "ਘੱਟ-ਗਿਣਤੀ ਬਣਾਏ ਗਏ" ਜਾਂ "ਅਦਿੱਖ ਬਣਾਏ ਗਏ"।

## ਭਾਈਚਾਰਕ ਦਰਜੇ

ਇਹ ਨਕਸ਼ਾ 25 ਮਾਪਦੰਡਾਂ ਦੇ ਆਧਾਰ 'ਤੇ ਭਾਈਚਾਰਕ ਪੱਧਰ 'ਤੇ ਇੱਕ-ਦੂਜੇ ਉੱਤੇ ਪੈਣ ਵਾਲੇ ਵਾਤਾਵਰਣ ਸੰਬੰਧੀ ਸਿਹਤ ਪ੍ਰਭਾਵਾਂ ਨੂੰ ਦਰਸਾਉਂਦਾ ਹੈ। **ਅਸੀਂ ਭਾਈਚਾਰਿਆਂ ਦੀ ਨੁਮਾਇੰਦਗੀ ਕਰਨ ਲਈ ਜਨਗਣਨਾ ਟ੍ਰੈਕਟਾਂ ਦੀ ਵਰਤੋਂ ਕਰਦੇ ਹਾਂ।** ਔਸਤਨ, ਜਨਗਣਨਾ ਟ੍ਰੈਕਟਾਂ ਵਿੱਚ ਲਗਭਗ 5,000 ਲੋਕ ਹੁੰਦੇ ਹਨ ਪਰ ਇਹਨਾਂ ਦਾ ਆਕਾਰ ਲਗਭਗ 2,000 ਤੋਂ 8,000 ਲੋਕਾਂ ਤੱਕ ਵੱਖ-ਵੱਖ ਹੁੰਦਾ ਹੈ। 1-10 ਰੈਂਕਿੰਗ ਪੈਮਾਨੇ ਦੀ ਵਰਤੋਂ ਕਰਕੇ ਭਾਈਚਾਰਿਆਂ ਦੀ ਤੁਲਨਾ ਕੀਤੀ ਜਾਂਦੀ ਹੈ। 10 ਰੈਂਕ ਵਾਲੇ ਖੇਤਰ ਸਭ ਤੋਂ ਵੱਧ ਪ੍ਰਭਾਵਿਤ ਹਨ। 1 ਰੈਂਕ ਵਾਲੇ ਖੇਤਰ ਸਭ ਤੋਂ ਘੱਟ ਪ੍ਰਭਾਵਿਤ ਭਾਈਚਾਰੇ ਹਨ।

## ਭਾਈਵਾਲੀ ਵਿੱਚ ਵਿਕਸਤ ਕੀਤਾ ਗਿਆ




ਇਹ ਨਕਸ਼ਾ ਵਾਸ਼ਿੰਗਟਨ ਵਿੱਚ ਆਪਣੀ ਕਿਸਮ ਦਾ ਪਹਿਲਾ ਨਕਸ਼ਾ ਸੀ ਜਿਸ ਨੇ ਕਈ ਅਸਮਾਨਤਾਵਾਂ ਨੂੰ ਧਿਆਨ ਵਿੱਚ ਰੱਖਿਆ ਅਤੇ ਇਹ ਮੰਨਿਆ ਕਿ ਨੁਕਸਾਨ ਦਾ ਨਤੀਜਾ ਇਕਹਿਰਾ ਨਹੀਂ ਸੀ। 2016-2019 ਤੱਕ, ਭਾਈਚਾਰਕ ਸੰਸਥਾਵਾਂ, ਖੋਜਕਰਤਾਵਾਂ, ਸਰਕਾਰੀ ਭਾਈਵਾਲਾਂ ਅਤੇ ਭਾਈਚਾਰਿਆਂ ਨੇ ਇਸ ਨਕਸ਼ੇ ਨੂੰ ਰੂਪ ਦੇਣ ਲਈ ਮਿਲ ਕੇ ਕੰਮ ਕੀਤਾ। ਦਰਜਨਾਂ ਸੁਣਨ ਸੰਬੰਧੀ ਸੈਸ਼ਨਾਂ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਇਹ ਤੈਅ ਕੀਤਾ ਗਿਆ ਕਿ ਇਸ ਵਿੱਚ ਕਿਹੜੇ ਮਾਪਦੰਡ ਅਤੇ overlays were included।

2021 ਵਿੱਚ, Healthy Environment for All Act ਨੇ Department of Health (ਸਿਹਤ ਵਿਭਾਗ) ਨੂੰ ਨਕਸ਼ੇ ਦੇ ਰੱਖ-ਰਖਾਅ ਅਤੇ ਵਿਕਾਸ ਦੀ ਅਗਵਾਈ ਕਰਨ ਦਾ ਨਿਰਦੇਸ਼ ਦਿੱਤਾ। ਉਦੋਂ ਤੋਂ, ਅਸੀਂ ਭਾਈਚਾਰੇ ਅਤੇ ਕਬੀਲਿਆਂ ਤੋਂ ਚਿੰਤਾਵਾਂ ਅਤੇ ਪ੍ਰਤੀਕਿਰਿਆਵਾਂ ਸੁਣੀਆਂ ਹਨ। 2023 ਵਿੱਚ, ਅਸੀਂ EHD ਨਕਸ਼ੇ 'ਤੇ ਕਬਾਇਲੀ ਸਲਾਹ-ਮਸ਼ਵਰਾ ਕੀਤਾ ਅਤੇ ਸ਼ਮੂਲੀਅਤ ਸਟਾਫ਼ ਨੂੰ ਨਿਯੁਕਤ ਕੀਤਾ। 2025 ਵਿੱਚ, ਅਸੀਂ ਭਾਈਚਾਰਕ ਸ਼ਮੂਲੀਅਤ ਸੁਣਨ ਦੇ ਸੈਸ਼ਨ, ਸੁਣਨ ਦੇ ਸੈਸ਼ਨ, ਗੋਲਮੇਜ਼ ਕਾਨਫਰੰਸਾਂ ਅਤੇ ਲੀਡਰਸ਼ਿਪ ਮੀਟਿੰਗਾਂ ਆਯੋਜਿਤ ਕੀਤੀਆਂ। ਇਹਨਾਂ ਸਮਾਗਮਾਂ ਦੌਰਾਨ, ਭਾਈਚਾਰੇ ਨੇ EHD ਨਕਸ਼ੇ ਦਾ ਹਿੱਸਾ ਬਣਨ ਲਈ ਆਪਣੀਆਂ ਸਮੂਹਿਕ ਤਰਜੀਹਾਂ ਵਜੋਂ ਵਿਸ਼ਿਆਂ ਦੀ ਪਛਾਣ ਕੀਤੀ। ਅਸੀਂ 2023 ਦੇ ਕਬਾਇਲੀ ਸਲਾਹ-ਮਸ਼ਵਰੇ ਤੋਂ ਇੱਕ ਅਪਡੇਟ ਪ੍ਰਦਾਨ ਕਰਨ ਅਤੇ ਅਪਡੇਟਾਂ 'ਤੇ ਮਾਰਗਦਰਸ਼ਨ ਲੈਣ ਲਈ ਕਬਾਇਲੀ ਸੁਣਨ ਦੇ ਸੈਸ਼ਨ ਆਯੋਜਿਤ ਕੀਤੇ।

ਹਾਲ ਹੀ ਦੀ ਸ਼ਮੂਲੀਅਤ ਦੌਰਾਨ ਇਕੱਠੇ ਕੀਤੇ ਗਏ ਗੁਣਾਤਮਕ ਡੇਟਾ ਦੀ EHD ਨਕਸ਼ਾ ਟੀਮ ਦੁਆਰਾ ਇਸਨੂੰ ਸ਼ਾਮਲ ਕਰਨ ਲਈ ਸਮੀਖਿਆ ਕੀਤੀ ਜਾ ਰਹੀ ਹੈ। ਪ੍ਰਤੀਕਿਰਿਆ ਨੇ ਪਹਿਲਾਂ ਹੀ ਨਿਰਮਾਣ ਵਿੱਚ ਮਦਦ ਕੀਤੀ ਹੈ ਅਤੇ ਅਸੀਂ ਭਾਈਚਾਰੇ ਅਤੇ ਕਬੀਲਿਆਂ ਦਾ ਸਮਰਥਨ ਕਰਨ ਲਈ ਉਪਲਬਧ ਸਰੋਤਾਂ ਵਿੱਚ ਸੁਧਾਰ ਕਰਨਾ ਜਾਰੀ ਰੱਖਾਂਗੇ।

## ਮਿਲ ਕੇ ਅੱਗੇ ਵਧਣਾ

EHD ਨਕਸ਼ਾ ਇੱਕ ਜੀਵੰਤ ਸਾਧਨ ਹੈ। ਅਸੀਂ ਕਬਾਇਲੀ ਅਤੇ ਭਾਈਚਾਰਕ ਮਾਰਗਦਰਸ਼ਨ ਦੇ ਆਧਾਰ 'ਤੇ ਇਸ ਵਿੱਚ ਸੁਧਾਰ ਕਰਨਾ ਜਾਰੀ ਰੱਖਾਂਗੇ ਅਤੇ ਨਾਲ ਹੀ ਰਾਜ ਦੀਆਂ ਏਜੰਸੀਆਂ ਅਤੇ ਹੋਰਾਂ ਨੂੰ ਉਹਨਾਂ ਦੇ ਕੰਮ ਦੀ ਦਿਸ਼ਾ ਤੈਅ ਕਰਨ ਲਈ ਇਸਦੀ ਵਰਤੋਂ ਕਰਨ ਵਿੱਚ ਸਹਾਇਤਾ ਕਰਾਂਗੇ। ਤੁਹਾਡੀ ਪ੍ਰਤੀਕਿਰਿਆ ਸਾਨੂੰ ਨਕਸ਼ੇ ਅਤੇ ਅਸੀਂ ਲੋਕਾਂ ਨੂੰ ਇਸਦੀ ਵਰਤੋਂ ਕਰਨ ਵਿੱਚ ਕਿਵੇਂ ਸਹਾਇਤਾ ਕਰਦੇ ਹਾਂ, ਦੋਵਾਂ ਨੂੰ ਹੋਰ ਬਿਹਤਰ ਬਣਾਉਣ ਵਿੱਚ ਮਦਦ ਕਰਦੀ ਹੈ। ਅਸੀਂ ਤੁਹਾਡੇ ਨਾਲ ਇਸ ਬਾਰੇ ਸਲਾਹ-ਮਸ਼ਵਰਾ ਕਰਨ ਲਈ ਉਪਲਬਧ ਹਾਂ ਕਿ ਨਕਸ਼ੇ ਦੀ ਵਰਤੋਂ ਕਿਵੇਂ ਕਰਨੀ ਹੈ ਜਾਂ ਨਕਸ਼ੇ 'ਤੇ ਦਿੱਤੀ ਜਾਣਕਾਰੀ ਨੂੰ ਕਿਵੇਂ ਸਮਝਣਾ ਹੈ। ਅਸੀਂ ਤੁਹਾਨੂੰ ਇਹ ਦੱਸਣ ਲਈ ਉਤਸ਼ਾਹਿਤ ਕਰਦੇ ਹਾਂ ਕਿ ਤੁਸੀਂ ਨਕਸ਼ੇ ਦੀ ਵਰਤੋਂ ਕਿਵੇਂ ਕਰ ਰਹੇ ਹੋ। ਸਾਡੇ ਨਾਲ EHDMap@doh.wa.gov 'ਤੇ ਸੰਪਰਕ ਕਰੋ। ਹੋਰ ਜਾਣਕਾਰੀ ਲਈ, EHD ਨਕਸ਼ਾ ਵੈੱਬਪੇਜ (ਅੰਗਰੇਜ਼ੀ ਵਿੱਚ) 'ਤੇ ਜਾਓ।

Washington State Department of HEALTH

**DOH 334-426 February 2026 CS Punjabi**

ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127 'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿੰਨ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ doh.information@doh.wa.gov 'ਤੇ ਈਮੇਲ ਕਰੋ।